**ਮਿਤੀ 24.12.2013 ਨੂੰ ਮਾਨਯੋਗ ਸ਼੍ਰੀ ਚੁੰਨੀ ਲਾਲ ਭਗਤ, ਕਿਰਤ ਮੰਤਰੀ-ਕਮ-ਚੇਅਰਮੈਨ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ 11ਵੀਂ ਮੀਟਿੰਗ ਦੀ ਕਾਰਵਾਈ ਰਿਪੋਰਟ।**

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ 11ਵੀਂ ਮੀਟਿੰਗ ਬੋਰਡ ਦੇ ਚੇਅਰਮੈਨ ਸ਼੍ਰੀ ਚੁੰਨੀ ਲਾਲ ਭਗਤ ਜੀ ਦੀ ਪ੍ਰਧਾਨਗੀ ਹੇਠ ਮਿਤੀ 24.12.2013 ਨੂੰ ਸਮਾਂ 1:00 ਵਜੇ (ਬ.ਦ) ਸਰਕਟ ਹਾਊਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਮੈਂਬਰਾਂ/ਪ੍ਰਤੀਨਿਧਾਂ ਨੇ ਭਾਗ ਲਿਆ:-

| | | |
|---|---|---|
| 1. | ਸ਼੍ਰੀ ਵਿਸ਼ਵਜੀਤ ਖੰਨਾ<br>ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ<br>ਕਿਰਤ ਵਿਭਾਗ | : ਮੈਂਬਰ |
| 2. | ਸ਼੍ਰੀ ਹਰੀਸ਼ ਨੈਯਰ,<br>ਵਧੀਕ ਕਿਰਤ ਕਮਿਸ਼ਨਰ (ਵਾਧੂ ਚਾਰਜ<br>ਕਿਰਤ ਕਮਿਸ਼ਨਰ, ਪੰਜਾਬ) | : ਮੈਂਬਰ ਸਕੱਤਰ |
| 3. | ਸ਼੍ਰੀ ਪ੍ਰੇਮ ਸਾਗਰ<br>ਅਸਿਸਟੈਂਟ ਲੇਬਰ ਕਮਿਸ਼ਨਰ<br>(ਸੈਂਟਰਲ) | : ਨੁਮਾਇੰਦਾ,<br>ਰੀਜਨਲ ਲੇਬਰ ਕਮਿਸ਼ਨਰ<br>ਭਾਰਤ ਸਰਕਾਰ ਚੰਡੀਗੜ੍ਹ |
| 4. | ਸ਼੍ਰੀ ਜੀ.ਐਸ. ਮੌੜ<br>ਡਿਪਟੀ ਡਾਇਰੈਕਟਰ | : ਨੁਮਾਇੰਦਾ,<br>ਪ੍ਰਮੁੱਖ ਸਕੱਤਰ<br>ਪੰਜਾਬ ਸਰਕਾਰ, ਸਮਾਜਿਕ<br>ਸੁਰੱਖਿਆ ਅਤੇ ਇਸਤਰੀ ਤੇ<br>ਬਾਲ ਵਿਕਾਸ ਵਿਭਾਗ, ਚੰਡੀਗੜ੍ਹ |
| 5. | ਸ਼੍ਰੀ ਮਨਮੋਹਨ ਸਿੰਘ<br>ਮੁੱਖ ਇੰਜੀਨੀਅਰ | : ਨੁਮਾਇੰਦਾ,<br>ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ<br>ਸਥਾਨਕ ਸਰਕਾਰ ਵਿਭਾਗ,<br>ਚੰਡੀਗੜ੍ਹ |
| 6. | ਸ਼੍ਰੀ ਪ੍ਰਕਾਸ਼ ਸਿੰਘ<br>ਐਸ.ਈ (ਪੀ. ਆਰ.ਸੀ) | : ਨੁਮਾਇੰਦਾ,<br>ਪ੍ਰਮੁੱਖ ਸਕੱਤਰ ਪੰਜਾਬ ਸਰਕਾਰ,<br>ਪੇਂਡੂ ਵਿਕਾਸ ਅਤੇ ਪੰਚਾਇਤਾਂ<br>ਚੰਡੀਗੜ੍ਹ |
| 7. | ਸ਼੍ਰੀ ਸੁਖਵਿੰਦਰ ਸਿੰਘ ਪੁੱਤਰ ਸ਼੍ਰੀ ਕੁਲਦੀਪ ਸਿੰਘ<br>ਮੈਸ: ਬਖਸੀਸ਼ ਬਿਲਡਰਜ ਲਿ:<br>ਕੋਠੀ ਨੰ:130, ਫੇਜ 3 ਬੀ-1 ਮੁਹਾਲੀ | : ਮੈਂਬਰ |

ਮੀਟਿੰਗ ਦੇ ਅਰੰਭ ਵਿੱਚ ਵਧੀਕ ਕਿਰਤ ਕਮਿਸ਼ਨਰ-ਕਮ-ਸਲਾਹਕਾਰ ਬੋਰਡ, ਜਿਸ ਨੂੰ ਮੈਂਬਰ ਸਕੱਤਰ ਦੀ ਵਾਧੂ ਡਿਊਟੀ ਦਿੱਤੀ ਹੈ, ਵਲੋਂ ਮਾਨਯੋਗ ਕਿਰਤ ਮੰਤਰੀ ਪੰਜਾਬ-ਕਮ ਚੇਅਰਮੈਨ ਬੋਰਡ ਜੀ ਨੂੰ "ਜੀ ਆਇਆ" ਆਖਿਆ ਗਿਆ ਅਤੇ ਉਨ੍ਹਾਂ ਵਲੋਂ ਬੋਰਡ ਦੀ ਮੀਟਿੰਗ ਬੁਲਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਮੈਂਬਰ ਸਕੱਤਰ ਵਲੋਂ ਬੋਰਡ ਦੇ ਬਾਕੀ ਮੈਂਬਰ ਸਾਹਿਬਾਨ ਦਾ ਵੀ ਮੀਟਿੰਗ ਵਿਚ ਭਾਗ ਲੈਂਣ ਲਈ ਧੰਨਵਾਦ ਕੀਤਾ ਗਿਆ। ਇਸ ਉਪਰੰਤ ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੀਟਿੰਗ ਦੀ ਕਾਰਵਾਈ ਅਰੰਭ ਹੋਈ। ਮੈਂਬਰ ਸਕੱਤਰ ਵਲੋਂ ਮੀਟਿੰਗ ਦੇ ਅਜੰਡਿਆਂ ਬਾਰੇ ਮੈਂਬਰ ਸਾਹਿਬਾਨ ਨੂੰ ਜਾਣਕਾਰੀ ਦਿਤੀ ਗਈ, ਜਿਨ੍ਹਾਂ ਬਾਰੇ ਬੋਰਡ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

**ਆਈਟਮ ਨੰ:1** **ਬੋਰਡ ਦੀ 10ਵੀਂ ਮੀਟਿੰਗ ਮਿਤੀ 3.9.2013 ਦੀ ਕਾਰਵਾਈ ਦੀ ਪੁਸ਼ਟੀ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 3.9.2013 ਨੂੰ ਹੋਈ 10ਵੀਂ ਮੀਟਿੰਗ ਦੀ ਕਾਰਵਾਈ ਸਮੂਹ ਮੈਂਬਰ ਸਾਹਿਬਾਨ ਨੂੰ ਪੱਤਰ ਨੰ:ਬਕਵਵਬ/ਮੀਟਿੰਗ/2013-14/3716-3725 ਮਿਤੀ 25.9.2013 ਰਾਹੀਂ ਭੇਜ ਦਿਤੀ ਗਈ ਸੀ, ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ। ਬੋਰਡ ਵਲੋਂ 10ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਆਈਟਮ ਨੰ:2** **ਬੋਰਡ ਦੀ 9ਵੀਂ ਮੀਟਿੰਗ ਵਿਚ ਲਏ ਫੈਸਲਿਆਂ ਤੇ ਕੀਤੀ ਕਾਰਵਾਈ ਬਾਰੇ।**

ਮੈਂਬਰ ਸਕੱਤਰ ਵਲੋਂ ਬੋਰਡ ਦੀ 9ਵੀਂ ਮੀਟਿੰਗ ਸਬੰਧੀ ਆਈਟਮ ਵਾਈਜ ਕੀਤੀ ਕਾਰਵਾਈ ਬਾਰੇ ਐਨੋਟੇਟਿਡ ਫਾਰਮ ਵਿਚ ਮੈਂਬਰਾਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿਤੀ ਗਈ। ਮੈਂਬਰ ਸਾਹਿਬਾਨ ਵਲੋਂ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਆਈਟਮ ਵਿਚ ਦਰਸਾਏ ਫੈਸਲਿਆਂ ਤੇ ਪੁਨਰ ਵਿਚਾਰ ਕਰਦੇ ਹੋਏ ਹੇਠ ਅਨੁਸਾਰ ਮੁੜ ਫੈਸਲੇ ਲਏ ਗਏ:-

**8ਵੀਂ ਮੀਟਿੰਗ** **ਬੋਰਡ ਦੀਆਂ ਕਿਰਤ ਭਲਾਈ ਸਕੀਮਾ ਦੇ ਦੂਰਦਰਸ਼ਨ ਜਲੰਧਰ ਰਾਹੀਂ ਦਿਤੇ ਜਾ ਰਹੇ**
**ਆਈਟਮ ਨੰ:2** **ਵਿਗਿਆਪਨ ਬਾਰੇ।**
**ਪੈਰਾ ਨੰ: (3)**

ਉਸਾਰੀ ਕਿਰਤੀਆਂ ਨੂੰ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਰਾਜ ਵਿਚ ਜਿਥੇ ਜਿਥੇ ਕੈਂਪ ਅਤੇ ਸੂਚਨਾ ਬੋਰਡ ਲਗਾਏ ਗਏ ਹਨ, ਉਸ ਬਾਰੇ ਮੈਂਬਰ ਸਕੱਤਰ ਵਲੋਂ ਬੋਰਡ ਨੂੰ ਜਾਣੂੰ ਕਰਵਾਇਆ ਗਿਆ। ਮਾਨਯੋਗ ਚੇਅਰਮੈਨ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਉਸਾਰੀ ਕਿਰਤੀਆਂ ਨੂੰ ਰਜਿਸਟ੍ਰੇਸ਼ਨ ਕਰਾਉਣ ਅਤੇ ਭਲਾਈ ਸਕੀਮਾਂ ਬਾਰੇ ਹਾਲਾਂ ਵੀ ਬਹੁਤੀ ਜਾਣਕਾਰੀ ਨਹੀਂ ਹੈ, ਜਿਸ ਬਾਰੇ ਵਧੇਰੇ ਪ੍ਰਚਾਰ ਕਰਨ ਦੀ ਲੋੜ ਹੈ। ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਮਿਤੀ 30.11.2013 ਤੱਕ 1,86,405 ਲਾਭਪਾਤਰੀ ਰਜਿਸ਼ਟਰ ਹੋ ਚੁਕੇ ਹਨ ਅਤੇ 17413 ਲਾਭਪਾਤਰੀਆਂ ਨੂੰ 424.41 ਲੱਖ ਰੁਪਏ ਦੀ ਰਕਮ ਵੱਖ ਵੱਖ ਭਲਾਈ ਸਕੀਮਾਂ ਅਧੀਨ ਮਨਜੂਰ ਕੀਤੀ ਜਾ ਚੁਕੀ ਹੈ। ਬੋਰਡ ਵਲੋਂ ਉਸਾਰੀ ਕਿਰਤੀਆਂ ਵਿਚ ਜਾਗ੍ਰਿਤੀ ਲਿਆਉਣ ਲਈ ਦੁਰਦਰਸ਼ਨ ਜਲੰਧਰ ਨੂੰ ਵੀਡੀਓ ਡਾਕੂਮੈਂਟਰੀ ਅਤੇ ਰੇਡਿਓ ਜਿੰਗਲਜ਼ ਰਾਹੀਂ ਬੋਰਡ ਦੀਆਂ ਸਕੀਮਾਂ ਦਾ ਪ੍ਰਚਾਰ ਕਰਨ ਲਈ ਆਡਰ ਜਾਰੀ ਕਰ ਦਿਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਰਿਲਾਇੰਸ ਬਰਾਡਕਾਸਟ ਨੈਟਵਰਕ ਰਾਹੀਂ ਬਿੱਗ ਐਫ.ਐਮ ਰੇਡਿਓ ਤੇ ਵੀ ਪ੍ਰਚਾਰ ਕਰਨ ਦਾ ਆਡਰ ਜਾਰੀ ਕੀਤਾ ਜਾ ਚੁਕਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪ੍ਰਤਿਨਿਧ ਵਲੋਂ ਸੁਝਾ ਦਿਤਾ ਗਿਆ ਕਿ ਭਲਾਈ ਸਕੀਮਾਂ ਦੇ ਪ੍ਰਚਾਰ ਲਈ 'ਫਲੈਕਸ ਬੋਰਡ' ਵੱਡੀਆਂ ਕੰਸਟਰਕਸ਼ਨ ਕੰਪਨੀਆਂ ਦੇ ਬਾਹਰ ਵੀ ਲਗਾਏ ਜਾਣੇ ਚਾਹੀਦੇ ਹਨ, ਜਿਸ ਬਾਰੇ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**8ਵੀਂ ਮੀਟਿੰਗ ਆਈਟਮ ਨੰ:7** — **ਬੋਰਡ ਵਲੋਂ ਲੇਬਰ ਸ਼ੈਡ ਬਨਾਉਂਣ ਸਬੰਧੀ।**

ਬੋਰਡ ਵਲੋਂ ਲੇਬਰ ਸ਼ੈਡਾਂ ਦੀ ਉਸਾਰੀ ਸਬੰਧੀ ਪਹਿਲਾਂ ਲਏ ਫੈਸਲੇ ਅਨੁਸਾਰ ਸਥਾਨਕ ਸਰਕਾਰ ਵਿਭਾਗ ਪੰਜਾਬ ਅਧੀਨ ਆਉਦੀਆਂ ਨਗਰ ਨਿਗਮਾਂ/ਨਗਰ ਕੌਸਲਾਂ/ਨਗਰ ਪੰਚਾਇਤਾਂ ਅਤੇ ਨਗਰ ਸੁਧਾਰ ਟਰਸਟਾਂ ਵਿੱਚ ਲੋੜ ਅਨੁਸਾਰ ਬਣਾਏ ਜਾਣ ਵਾਲੇ ਲੇਬਰ ਸ਼ੈੜਾਂ ਦੀ ਚੋਣ ਕਰਨ ਉਪਰੰਤ ਸੰਖੇਪ ਸਾਈਟ ਪਲੈਨ ਅਤੇ ਲੇਬਰ ਸ਼ੈੜਾਂ ਦੇ ਰੱਖ-ਰਖਾਵ ਸਬੰਧੀ ਸਬੰਧਤ ਸੰਸਥਾਵਾਂ ਵਲੋਂ ਮਤੇ ਪਾਸ ਪ੍ਰਵਾਨ ਕਰਕੇ ਅਪਣੇ ਜਿਲੇ ਦੇ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਸਮੇਤ ਕੇਸ ਭੇਜਣ ਸਬੰਧੀ ਪਾਲਿਸੀ ਦੇ ਸਬੰਧ ਵਿੱਚ ਸ਼੍ਰੀ ਮਨਮੋਹਨ ਸਿੰਘ, ਚੀਫ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਵੱਲੋਂ ਸੁਝਾਅ ਦਿੱਤਾ ਗਿਆ ਕਿ ਇਹ ਬੜਾ ਲੰਬਾ ਪ੍ਰੋਸੀਜ਼ਰ ਹੈ। ਜਿਲ੍ਹੇ ਦਾ ਡਿਪਟੀ ਕਮਿਸ਼ਨਰ ਬਹੁਤ ਵਿਅਸਤ ਅਧਿਕਾਰੀ ਹੈ ਅਤੇ ਉਸ ਕੋਲ ਸਮਾਂ ਨਾ ਹੋਣ ਕਾਰਣ ਕੇਸ ਮਹੀਨਿਆਂ-ਬੱਧੀ ਲੰਬਿਤ ਰਹਿੰਦੇ ਹਨ, ਜਿਸ ਤੇ ਬੋਰਡ ਵੱਲੋਂ ਪੁਨਰ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਅਗੇ ਤੋਂ ਵਿਭਾਗ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਸਬੰਧਤ ਨਗਰ ਨਿਗਮ/ ਕੋਂਸਲ/ ਟਰਸਟਾਂ ਦੇ ਕਾਰਜਕਾਰੀ ਅਫਸਰ ਜਾਂ ਸਮਰੱਥ ਅਧਿਕਾਰੀ ਨਾਲ ਮਿਲਕੇ ਦੋਨੋਂ ਅਧਿਕਾਰੀ ਸਿਫਾਰਸ਼ਾਂ ਡਿਪਟੀ ਕਮਿਸ਼ਨਰ ਦੇ ਰਾਹੀਂ ਭੇਜਣ ਦੀ ਬਜਾਏ ਆਪਣੀ ਸਾਂਝੀ ਸਿਫਾਰਸ਼ ਸਿੱਧੇ ਤੋਰ ਤੇ ਬੋਰਡ ਨੂੰ ਭੇਜਣ ਅਤੇ ਉਸ ਅਨੁਸਾਰ ਬੋਰਡ ਵੱਲੋਂ ਲੇਬਰ ਸ਼ੈੜਾਂ ਦੀ ਉਸਾਰੀ ਸਬੰਧੀ ਕਾਰਵਾਈ ਪਹਿਲਾਂ ਪ੍ਰਵਾਨਤ ਸਕੀਮ ਅਧੀਨ ਸ਼ਰਤਾਂ ਅਨੁਸਾਰ ਕੀਤੀ ਜਾਵੇ।

**9ਵੀਂ ਮੀਟਿੰਗ ਆਈਟਮ ਨੰ:4** — **ਪੰਜੀਕ੍ਰਿਤ 'ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ।**

ਇਸ ਸਕੀਮ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਪੇਸ਼ ਕੀਤੇ ਗਏ ਕਿ "ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ" ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਦੇ ਬਚਿਆਂ ਦੀ ਭਾਲ/ਪਛਾਣ (indentification) ਕਰਨ ਲਈ ਸਮਾਂ ਬੱਧ ਯੋਜਨਾ ਤਿਆਰ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਕੰਮ ਵਿੱਚ ਲੋਕਲ ਐਨ.ਜੀ.ਉਜ (NGO's) ਜੇਕਰ ਉਹ ਇੱਛੁਕ ਹੋਣ ਨੂੰ ਵੀ ਸ਼ਾਮਲ ਕਰਨ ਦੇ ਉਪਰਾਲੇ ਕਰਨ ਦੀ ਲੋੜ ਹੈ ਅਤੇ ਇਸ ਸਬੰਧੀ ਲਿਸਟਾਂ ਦੀ ਵੈਰੀਫਿਕੇਸ਼ਨ ਦਾ ਕੰਮ ਸਾਰੇ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਵਲੋਂ ਜਨਵਰੀ 2014 ਦੇ ਅੰਤ ਤਕ ਮੁਕੰਮਲ ਕੀਤਾ ਜਾਵੇ। ਲਾਭਪਾਤਰੀਆਂ ਦੇ ਬੱਚਿਆਂ ਦੀਆਂ ਲਿਸਟਾਂ ਤਿਆਰ ਕਰਕੇ ਉਨ੍ਹਾਂ ਨੂੰ ਜਿਨ੍ਹਾਂ ਕੰਮਾਂ ਵਿੱਚ ਸਕਿੱਲ ਟਰੇਨਿੰਗ ਦੀ ਲੋੜ ਹੈ, ਉਹ ਪਹਿਲਾਂ ਪ੍ਰਵਾਨ ਕੀਤੀ ਸਕੀਮ ਅਨੁਸਾਰ ਪ੍ਰਵਾਨਤ ਸੰਸਥਾਵਾਂ ਨਾਲ ਤਾਲਮੇਲ ਕਰਕੇ ਟਰੇਨਿੰਗ ਦਵਾਉਣੀ ਸੁਨਿਸ਼ਚਿਤ ਕੀਤੀ ਜਾਵੇ। ਬੋਰਡ ਵਲੋਂ ਸਰਬਸਮੰਤੀ ਨਾਲ ਇਸ ਸੁਝਾਅ ਨੂੰ ਪ੍ਰਵਾਨ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਇਸ ਬਾਰੇ ਹੋਈ ਪ੍ਰਗਤੀ ਸਬੰਧੀ ਜਾਣਕਾਰੀ ਅਗਲੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇ।

**10ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ:3** — **ਬੋਰਡ ਦੇ ਕੰਮਾਂ ਦਾ ਕੰਪਿਊਟਰੀਕਰਨ ਕਰਾਉਣ ਲਈ ਪ੍ਰਾਜੈਕਟ ਮੈਨੇਜਰ ਅਤੇ ਪ੍ਰਾਜੈਕਟ ਕੋਆਰਡੀਨੇਟਰ ਦੀ ਨਿਯੁਕਤੀ ਬਾਰੇ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੇ ਕੰਪਿਯੂਟਰੀਕਰਨ ਦਾ ਕੰਮ ਕਾਫੀ ਤੇਜੀ ਨਾਲ ਚਲ ਰਿਹਾ ਹੈ। ਇਹ ਵੀ ਦੱਸਿਆ ਗਿਆ ਕਿ ਪ੍ਰਾਜੈਕਟ ਵਿੱਚ ਦੇਰੀ ਨਾ ਹੋਵੇ, ਇਸ ਲਈ ਪ੍ਰਾਜੈਕਟ ਕੋਆਰਡੀਨੇਟਰ ਦਾ ਕੰਮ ਬੋਰਡ ਵਿਚ ਕੰਮ ਕਰਦੇ ਕੰਪਿਯੂਟਰ ਪ੍ਰੋਗਰਾਮਰ ਨੂੰ ਹੀ ਅਪਣੇ ਕੰਮ ਤੋਂ ਇਲਾਵਾ ਵਾਧੂ ਤੋਰ ਤੇ ਦੇ ਦਿਤਾ ਗਿਆ ਹੈ, ਜਿਸ ਲਈ ਉਸ ਨੂੰ ਕੋਈ ਵਾਧੂ ਭੱਤਾ ਆਦਿ ਨਹੀਂ ਦਿਤਾ ਜਾਵੇਗਾ। ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾ ਦਿਤਾ ਗਿਆ ਕਿ ਬੋਰਡ ਦੇ ਕੰਪਿਯੂਟਰੀਕਰਨ ਦਾ ਕੰਮ ਪੂਰਣ ਤੋਰ ਤੇ ਮੁਕੰਮਲ ਹੋਣ ਤੱਕ ਬੋਰਡ ਵਿਚ ਕੇਵਲ ਇਕ ਪ੍ਰਾਜੈਕਟ ਮੈਨੇਜਰ ਰੱਖ ਲੈਣਾ ਚਾਹੀਦਾ ਹੈ ਜਿਸ ਦੀ ਨਿਯੁਕਤੀ ਇਨਫੋਟੇਕ ਰਾਹੀਂ ਕਰਨੀ ਯੋਗ ਹੋਵੇਗੀ ਅਤੇ ਉਸਦੀ ਤਨਖਾਹ/ਸੇਵਾ ਸ਼ਰਤਾਂ ਬਾਰੇ ਇਨਫੋਟੈਕ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਫੈਸਲਾ ਕੀਤਾ ਜਾਵੇ ਅਤੇ ਬੋਰਡ ਤੋਂ ਤਨਖਾਹ/ ਸੇਵਾ ਸ਼ਰਤਾਂ ਦੀ ਕਾਰਜ-ਬਾਅਦ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ। ਪ੍ਰਾਜੈਕਟ ਮੈਨੇਜਰ ਦੀ ਅਸਾਮੀ ਉਦੋਂ ਤੱਕ ਕਾਇਮ ਰਹੇਗੀ ਜਦੋਂ ਤੱਕ ਕਿ ਕੰਪਿਊਟਰਾਈਜੇਸ਼ਨ ਦਾ ਕੰਮ ਪੂਰਾ ਨਹੀ ਹੋ ਜਾਂਦਾ ਅਤੇ ਉਸ ਦਾ ਤਸਲੀਬਖਸ਼ trial ਮੁਕੰਮਲ ਨਹੀ ਹੋ ਜਾਂਦਾ। ਬੋਰਡ ਵਲੋਂ ਇਸ ਬਾਰੇ ਸਹਿਮਤੀ ਪ੍ਰਗਟ ਕੀਤੀ ਗਈ।

10ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ:7 — **ਬੋਰਡ ਦੇ ਲੇਖਾ ਅਫਸਰ ਅਤੇ ਸੁਪਰਡੈਂਟ ਦੀ ਤਨਖਾਹ ਵਿਚ ਕੀਤੇ ਵਾਧੇ ਸਬੰਧੀ ਤਰਕਸੰਗਤ ਉਚਿੱਤਤਾ ਬਾਰੇ।**

ਇਸ ਆਈਟਮ ਬਾਰੇ 11ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ: 6 ਸਬੰਧੀ ਹੋਏ ਵਿਚਾਰ ਵਟਾਂਦਰੇ ਅਨੁਸਾਰ ਫੈਸਲਾ ਹੋਇਆ।

**ਉਪਰੋਕਤ ਆਈਟਮਾਂ ਤੋਂ ਇਲਾਵਾ, ਇਸ ਆਈਟਮ ਦੀਆਂ ਬਾਕੀ ਮੱਦਾਂ ਸਬੰਧੀ ਫੈਸਲਿਆਂ ਤੇ ਕੀਤੀ ਕਾਰਵਾਈ ਦੀ ਬੋਰਡ ਵਲੋਂ ਪੁਸ਼ਟੀ ਕੀਤੀ ਗਈ।**

11ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ: 3 — **ਬੋਰਡ ਦੀ ਵਿਤੀ ਸਾਲ 2012-13 ਦੀ ਇੰਕਮਟੈਕਸ ਰਿਟਰਨ ਭਰਨ ਸਮੇਂ ਫਾਰਮ ਨੰ:10 ਨਾਲ ਲਗਾਉਣ ਬਾਰੇ।**

ਬੋਰਡ ਦੀ ਵਿਤੀ ਸਾਲ 2012-13 ਦੀ ਇਨਕਮ ਟੈਕਸ ਰਿਟਰਨ ਭਰਨ ਸਮੇਂ ਉਸ ਦੇ ਨਾਲ ਫਾਰਮ ਨੰ:10 ਡਿਪਟੀ ਸਕੱਤਰ ਦੇ ਹਸਤਾਖਰਾਂ ਹੇਠ ਲਗਾਉਣ ਸਬੰਧੀ ਬੋਰਡ ਵਲੋਂ ਕਾਰਜ ਬਾਦ ਪ੍ਰਵਾਨਗੀ ਦਿਤੀ ਗਈ।

ਅਜੰਡਾ ਆਈਟਮ ਨੰ: 4 — **ਬੋਰਡ ਦੇ ਸਾਲ 2012-13 ਦੇ ਤਿਆਰ ਕੀਤੇ ਲੇਖੇ (balance sheet) ਦੀ ਪ੍ਰਵਾਨਗੀ ਬਾਰੇ।**

ਬੋਰਡ ਦੇ ਸਾਲ 2012-13 ਦੇ ਤਿਆਰ ਕੀਤੇ ਲੇਖੇ (balance sheet) ਬੋਰਡ ਵਲੋਂ ਪ੍ਰਵਾਨ ਕੀਤੇ ਗਏ।

ਅਜੰਡਾ ਆਈਟਮ ਨੰ: 5 — **ਲਾਭਪਾਤਰੀ ਉਸਾਰੀ ਕਿਰਤੀਆਂ ਨੂੰ ਲਾਭ ਦੇਣ ਲਈ ਸਕੀਮਾਂ ਦੀ ਜਾਣਕਾਰੀ ਦੇਣ ਅਤੇ ਅਰਜੀਆਂ ਭਰਵਾਉਣ ਵਾਸਤੇ ਆਉਟ ਸੋਰਸਿੰਗ ਰਾਹੀ ਫੀਲਡ ਸਹਾਇਕ (dedicated worker) ਰੱਖਣ ਅਤੇ ਪਹਿਲਾਂ ਹੀ ਬੋਰਡ ਵਲੋਂ outsourcing ਰਾਹੀਂ ਭਰਤੀ ਕੀਤੇ ਗਏ ਕਰਮਚਾਰੀਆਂ ਨੂੰ ਕੁਝ Incentive ਦੇਕੇ ਅਰਜ਼ੀਆਂ ਭਰਵਾਉਣ ਦੇ ਕੰਮ ਵਿਚ ਤੇਜੀ ਲਿਆਉਣ ਬਾਰੇ।**

ਇਸ ਅਜੰਡਾ ਆਈਟਮ ਸਬੰਧੀ ਵਿਸਥਾਰ-ਪੂਰਵਕ ਵਿਚਾਰ ਵਟਾਂਦਰਾ ਕਰਨ ਉਪਰੰਤ ਪ੍ਰੇਖਣ ਕੀਤਾ ਗਿਆ ਕਿ ਬੋਰਡ ਵਿਚ ਰਜਿਸ਼ਟਰਡ ਲਾਭਪਾਤਰੀਆਂ ਨੂੰ ਵਿਤੀ ਲਾਭ ਦੇਣ ਸਬੰਧੀ ਨਤੀਜੇ ਸੰਤੋਸ਼ਜਨਕ ਨਹੀਂ ਆ ਰਹੇ ਅਤੇ ਇਸ ਕੰਮ ਵਿਚ ਤੇਜੀ ਲਿਆਉਣ ਲਈ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

1) ਬੋਰਡ ਵਲੋਂ ਰਾਜ ਵਿਚ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਦੇ ਦਫਤਰ ਵਿਚ ਇਕ ਫੀਲਡ ਸਹਾਇਕ ਜੋਕਿ ਲਗਨ ਨਾਲ ਕੰਮ ਕਰਨ ਵਾਲਾ (dedicated worker) ਹੋਵੇ, ਆਉਟ ਸੋਰਸਿੰਗ ਰਾਹੀਂ ਪੈਸਕੋ ਦੁਆਰਾ ਨਿਯੁਕਤ ਕੀਤਾ ਜਾਵੇ, ਜਿਸ ਨੂੰ ਕੁੱਲ 15000/- ਰੁਪਏ ਪ੍ਰਤਿ ਮਹੀਨਾ ਉਕਾ-ਪੁਕਾ ਤਨਖਾਹ ਵਜੋਂ ਅਤੇ ਟੀ.ਏ ਡੀ.ਏ ਦੀ ਅਦਾਇਗੀ ਅਲਗ ਤੋਰ ਤੇ ਕੀਤੀ ਜਾਵੇ। ਅਜਿਹੇ ਕਰਮਚਾਰੀ ਨੂੰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦੀਆਂ ਕਾਪੀਆਂ ਸਮੇਤ ਲੋੜੀਂਦੇ ਪ੍ਰੋਫਾਰਮੇ ਦਿਤੇ ਜਾਣ। ਇਹ ਕਰਮਚਾਰੀ ਅਪਣੇ ਸਬੰਧਤ ਅਧਿਕਾਰੀ ਪਾਸ ਰਜਿਸ਼ਟਰ ਹੋਏ ਲਾਭਪਾਤਰੀਆਂ ਦੀਆਂ ਸੂਚੀਆਂ ਲੈਕੇ ਲਾਭਪਾਤਰੀਆਂ ਤੋਂ ਵੱਖ ਵੱਖ ਸਕੀਮਾਂ ਅਧੀਨ ਅਰਜੀਆਂ ਸਮੇਤ ਸਿਹਤ ਬੀਮਾ ਸਕੀਮ ਦੇ ਹੈਲਥ ਕਾਰਡ ਭਰਵਾਕੇ, ਅਪਣੇ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਦੇ ਦਫਤਰ ਵਿਚ ਜਮ੍ਹਾਂ ਕਰਵਾਉਂਣਗੇ ਅਤੇ ਉਨ੍ਹਾਂ ਪਾਸੋਂ ਬੋਰਡ ਦਾ ਹੋਰ ਕੋਈ ਕੰਮ ਨਹੀਂ ਕਰਵਾਇਆ ਜਾਵੇਗਾ। ਇਨ੍ਹਾਂ ਕਰਮਚਾਰੀਆਂ ਦਾ ਭਲਾਈ ਸਕੀਮਾਂ ਅਧੀਨ ਅਰਜੀਆਂ ਭਰਵਾਉਣ/ ਹੈਲਥ ਸਕੀਮ ਅਧੀਨ ਹੈਲਥ ਕਾਰਡ ਬਨਾਉਣ ਦਾ ਮਾਸਿਕ ਕੋਟਾ ਪ੍ਰਤੀ ਕਰਮਚਾਰੀ 1000 ਅਰਜੀਆਂ ਭਰਵਾਉਂਣ ਦਾ ਰੱਖਿਆ ਜਾਵੇ। ਇਹ ਵੇਖਿਆ ਗਿਆ ਹੈ ਕਿ ਕੁੱਝ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਦੇ ਸਰਕਲਾਂ ਵਿੱਚ ਉਸਾਰੀ ਦਾ ਕੰਮ ਨਾ-ਮਾਤਰ ਹੀ ਹੈ ਅਤੇ ਅਜਿਹੇ ਸਰਕਲਾਂ ਵਿੱਚ ਰਜਿਸਟਰਡ ਹੋਏ ਲਾਭਪਾਤਰੀਆਂ ਦੀ ਗਿਣਤੀ ਵੀ ਕਾਫੀ ਘੱਟ ਹੈ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ ਇਹ ਵੀ ਫੈਸਲਾ ਲਿਆ ਗਿਆ ਕਿ ਛੋਟੇ-ਛੋਟੇ ਸਰਕਲਾਂ ਨੂੰ ਕਲੱਬ ਕਰ ਲਿਆ ਜਾਵੇ, ਜਿਸ ਅਨੁਸਾਰ ਇਹ ਯੋਗ ਸਮਝਿਆ ਗਿਆ ਹੈ ਕਿ ਸਰਕਲ ਨੰ: 4 ਲੁਧਿਆਣਾ, ਬਠਿੰਡਾ, ਸੰਗਰੂਰ, ਫਿਰੋਜਪੁਰ, ਮੋਗਾ ਅਤੇ ਪਟਿਆਲਾ ਦੇ ਸਰਕਲਾਂ ਜਿਥੇ ਕਿ ਰਜਿਸਟਰਡ ਲਾਭਪਾਤਰੀਆਂ ਦੀ ਗਿਣਤੀ ਜਿਆਦਾ ਹੈ, ਵਿੱਚ ਇਕ-ਇਕ ਫੀਲਡ ਸਹਾਇਕ (dedicated worker) ਰੱਖਿਆ ਜਾਵੇ। ਇਸ ਤੋਂ ਇਲਾਵਾ ਅੰਮ੍ਰਿਤਸਰ ਦੇ ਸਰਕਲ 1,2 ਅਤੇ 3; ਜਲੰਧਰ ਦੇ ਸਰਕਲ 1 ਅਤੇ 2; ਗੁਰਦਾਸਪੁਰ, ਬਟਾਲਾ ਅਤੇ ਕਪੂਰਥਲਾ; ਹੁਸ਼ਿਆਰਪੁਰ ਅਤੇ ਜਲੰਧਰ 3; ਲੁਧਿਆਣਾ 1,2,3,5 ਅਤੇ 6 ਅਤੇ ਮੁਹਾਲੀ ਤੇ ਰਾਜਪੁਰਾ ਦੇ ਸਰਕਲਾਂ ਵਿੱਚ, ਜਿਥੇ ਕਿ ਰਜਿਸਟਰਡ ਲਾਭਪਾਤਰੀਆਂ ਦੀ ਗਿਣਤੀ ਘੱਟ ਹੈ, ਵਿਖੇ

ਇਕ-ਇਕ ਫੀਲਡ ਸਹਾਇਕ ਰਖਿਆ ਜਾਵੇ। ਬੋਰਡ ਵਲੋਂ ਇਹ ਵੀ ਫੈਸਲਾ ਲਿਆ ਗਿਆ ਕਿ ਇਸ ਅਸਾਮੀ ਲਈ ਘੱਟੋ-ਘੱਟ ਵਿਦਿਅਕ ਯੋਗਤਾ ਹੇਠ ਲਿਖੇ ਅਨੁਸਾਰ ਰੱਖੀ ਜਾਵੇ:-

**" ਗ੍ਰੈਜੂਏਟ + ਕੰਪਿਊਟਰ ਤੇ ਕੰਮ ਕਰਨ ਦਾ 2 ਸਾਲ ਦਾ ਤਜਰਬਾ।"**

ਜਿਹੜੇ ਕਰਮਚਾਰੀ ਨਿਰਧਾਰਿਤ ਟੀਚੇ ਅਨੁਸਾਰ ਕੰਮ ਨਹੀਂ ਕਰਨਗੇ, ਉਨ੍ਹਾਂ ਨੂੰ "ਪੈਸਕੋ" ਵੱਲੋਂ ਤੁਰੰਤ ਬਦਲਿਆ ਜਾਵੇਗਾ।

2) ਬੋਰਡ ਵਲੋਂ ਰਾਜ ਵਿਚ ਸਹਾਇਕ ਕਿਰਤ ਕਮਿਸ਼ਨਰ/ਕਿਰਤ ਤੇ ਸੁਲਾਹ ਅਫਸਰ ਦੇ ਦਫਤਰਾਂ ਵਿਚ ਆਉਟ ਸੋਰਸਿੰਗ ਰਾਹੀਂ ਪੈਸਕੋ ਦੁਆਰਾ ਜਿਹੜੇ ਸਹਾਇਕ ਕੰਪਿਊਟਰ ਉਪਰੇਟਰ ਰੱਖੇ ਹੋਏ ਹਨ, ਉਨ੍ਹਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਅਪਣੇ ਦਫਤਰੀ ਕੰਮ ਦੇ ਨਾਲ ਨਾਲ, ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ/ ਬੋਰਡ ਦੀ 'ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ' ਸਕੀਮ ਅਧੀਨ ਰਜਿਸਟ੍ਰੇਸ਼ਨ ਲਈ ਅਰਜੀਆਂ ਭਰਵਾਉਣ ਅਤੇ ਇਸ ਸਬੰਧੀ ਹਰ ਇਕ ਕਰਮਚਾਰੀ ਜਿੰਨੀਆਂ ਅਰਜੀਆਂ ਭਰਵਾਕੇ ਲਿਆਵੇਗਾ, ਉਨ੍ਹਾਂ ਨੂੰ 5/- ਪ੍ਰਤਿ ਅਰਜੀ ਦੇ ਹਿਸਾਬ ਨਾਲ incentive ਦਿਤਾ ਜਾਵੇਗਾ।

ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰੇ ਦੋਰਾਨ ਮੈਂਬਰ ਸਾਹਿਬਾਨ ਵਲੋਂ ਇਹ ਵੀ ਸੁਝਾ ਦਿਤਾ ਗਿਆ ਕਿ ਹਰ ਇਕ ਜਿਲ੍ਹੇ ਵਿਚ ਸਥਿਤ **ਸੁਵਿਧਾ ਸੈਂਟਰ** ਵਿਚ ਬੋਰਡ ਵਲੋਂ ਇਕ ਕਾਊਂਟਰ ਖੋਲ੍ਹਿਆ ਜਾਵੇ ਜਿਥੇ ਕਿ ਲਾਭਪਾਤਰੀ ਉਸਾਰੀ ਕਿਰਤੀ ਬੋਰਡ ਦੀਆਂ ਵੱਖ ਵੱਖ ਭਲਾਈ ਸਕੀਮਾਂ ਅਧੀਨ ਲਾਭ ਲੈਂਣ ਲਈ ਅਪਣੀਆਂ ਅਰਜੀਆਂ ਪੇਸ਼ ਕਰ ਸਕੇ। ਸੁਵਿਧਾ ਸੈਂਟਰ ਵਿਚ ਪ੍ਰਾਪਤ ਅਜਿਹੀਆਂ ਅਰਜੀਆਂ ਹਲਕੇ ਦੇ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰ ਵਲੋਂ ਅਪਣੇ ਅਧੀਨ ਅਮਲੇ ਰਾਹੀਂ ਕੁਲੈਕਟ ਕਰਕੇ, ਲਾਭਪਾਤਰੀਆਂ ਨੂੰ ਸਕੀਮਾਂ ਅਧੀਨ ਲਾਭ ਦੁਆਉਣ ਬਾਰੇ ਕਾਰਵਾਈ ਕੀਤੀ ਜਾਵੇ। ਬੋਰਡ ਵਲੋਂ ਮੈਂਬਰ ਸਾਹਿਬਾਨ ਦੀ ਇਸ ਤਜਵੀਜ ਨਾਲ ਸਰਵਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

**ਅਜੰਡਾ ਆਈਟਮ ਨੰ: 6** — **ਬੋਰਡ ਦੇ ਲੇਖਾ ਅਫਸਰ ਅਤੇ ਸੁਪਰਡੈਂਟ ਦੀ ਤਨਖਾਹ ਵਿਚ ਕੀਤੇ ਵਾਧੇ ਸਬੰਧੀ ਤਰਕਸੰਗਤ ਉਚਿੱਤਤਾ ਬਾਰੇ।**

ਇਸ ਅਜੰਡਾ ਆਈਟਮ ਬਾਰੇ ਵਿਚਾਰ-ਵਟਾਂਦਰੇ ਦੋਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਕਿਹਾ ਗਿਆ ਕਿ ਇਨ੍ਹਾਂ ਅਧਿਕਾਰੀਆਂ ਦੀਆਂ ਤਨਖਾਹਾਂ ਵਿਚ ਵਾਧੇ ਸਬੰਧੀ ਤਰਕਸੰਗਤ ਉਚਿੱਤਤਾ ਬਾਰੇ ਪਹਿਲਾਂ ਉਨ੍ਹਾਂ ਨਾਲ ਵੱਖਰੇ ਤੋਰ ਤੇ ਵਿਚਾਰ ਵਟਾਂਦਰਾ ਕੀਤਾ ਜਾਵੇ ਅਤੇ ਉਸ ਉਪਰੰਤ ਅਜੰਡਾ ਆਈਟਮ ਬੋਰਡ ਦੀ ਅਗਲੀ ਮੀਟਿੰਗ ਵਿਚ ਮੁੜ ਵਿਚਾਰਨ ਲਈ ਪੇਸ਼ ਕੀਤੀ ਜਾਵੇ। ਇਸ ਨਾਲ ਬੋਰਡ ਵਲੋਂ ਸਹਿਮਤੀ ਪ੍ਰਗਟ ਕੀਤੀ ਗਈ।

**ਅਜੰਡਾ ਆਈਟਮ ਨੰ: 7** — **ਬੋਰਡ ਦਾ ਸਾਲ 2013-14 ਦਾ ਸੋਧਿਆਂ ਬਜਟ ਅਤੇ ਸਾਲ 2014-15 ਦੇ ਅਨੁਮਾਨਤ ਬਜਟ ਬਾਰੇ।**

ਇਸ ਅਜੰਡਾ ਆਈਟਮ ਬਾਰੇ ਵਿਚਾਰ ਵਟਾਂਦਰੇ ਦੋਰਾਨ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਪ੍ਰੇਖਣ ਕੀਤਾ ਗਿਆ ਕਿ ਨਿਸ਼ਾਨ 'ੲ' ਤੇ ਕਿਰਤ ਭਲਾਈ ਸਕੀਮਾਂ' ਦੀ ਮਦ ਅਧੀਨ ਲੜੀ ਨੰ: 2,3 ਅਤੇ 13 ਤੇ 'ਐਕਸਗ੍ਰੇਸ਼ੀਆ ਸਕੀਮ', ਵਜੀਫਾ ਸਕੀਮ ਅਤੇ ਸਿਹਤ ਬੀਮਾ ਸਕੀਮ (ਕ੍ਰਮਵਾਰ) ਲਈ ਸਾਲ 2014-15 ਵਾਸਤੇ ਜੋ ਅਨੁਮਾਨਤ ਬੱਜਟ ਰੱਖਿਆ ਗਿਆ ਹੈ, ਉਹ ਕਾਫੀ ਘੱਟ ਜਾਪਦਾ ਹੈ ਅਤੇ ਇਸ ਲਈ ਇਨ੍ਹਾਂ ਸਕੀਮਾਂ ਅਧੀਨ ਅਨੁਮਾਨਤ ਬਜਟ ਨੂੰ ਵਧਾਏ ਜਾਣ ਦੀ ਲੋੜ ਹੈ। ਵਿਚਾਰ ਵਟਾਂਦਰੇ ਉਪਰੰਤ ਬੋਰਡ ਵਲੋਂ ਇਨ੍ਹਾਂ ਸਕੀਮਾਂ ਅਧੀਨ ਅਨੁਮਾਨਤ ਬਜਟ ਹੇਠ ਲਿਖੇ ਅਨੁਸਾਰ ਵਧਾਉਂਣ ਦਾ ਫੈਸਲਾ ਲਿਆ ਗਿਆ:-

1) ਐਕਸਗ੍ਰੇਸ਼ੀਆ ਸਕੀਮ- ਰੁ. 200 ਲੱਖ ਦੀ ਬਜਾਏ ਰੁ. 500 ਲੱਖ
2) ਵਜੀਫਾ ਸਕੀਮ- ਰੁ. 300 ਲੱਖ ਦੀ ਬਜਾਏ ਰੁ. 500 ਲੱਖ
3) ਸਿਹਤ ਬੀਮਾ ਸਕੀਮ- ਰੁ. 1000 ਲੱਖ ਦੀ ਬਜਾਏ ਰੁ.5000 ਲੱਖ

ਉਪਰੋਕਤ ਵਾਧੇ ਅਨੁਸਾਰ ਕਿਰਤ ਭਲਾਈ ਸਕੀਮਾਂ ਦੀ ਮੱਦ ਅਧੀਨ ਬੋਰਡ ਵਲੋਂ ਸਾਲ 2014-15 ਦਾ ਅਨੁਮਾਨਤ ਬਜਟ ਰੁ. 15870/- ਲੱਖ ਪ੍ਰਵਾਨ ਕੀਤਾ ਗਿਆ। ਇਸਦੇ ਨਾਲ ਹੀ ਸਾਲ 2013-14 ਦਾ ਸੋਧਿਆ ਬਜਟ ਨਵੀਂ ਗੱਡੀ ਦੀ ਖਰੀਦ ਵਾਸਤੇ 15 ਲੱਖ ਰੁਪਏ ਵਾਧੂ ਬਜਟ ਦੀ ਪ੍ਰਵਾਨਗੀ ਦਿੰਦੇ ਹੋਏ, ਬਾਕੀ ਮੱਦਾਂ ਸਬੰਧੀ ਤਜਵੀਜਤ ਬਜਟ ਅਜੰਡੇ ਅਨੁਸਾਰ ਪ੍ਰਵਾਨ ਕੀਤਾ ਗਿਆ। ਪ੍ਰਵਾਨਤ ਬਜਟ ਦੀ ਕਾਪੀ ਅਨੁਲੱਗ 'ਕ' ਅਨੁਸਾਰ ਹੈ।

**ਅਜੰਡਾ ਆਈਟਮ ਨੰ: 8** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਲਈ ਪੈਨਸ਼ਨ ਸਕੀਮ**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 3.9.2013 ਨੂੰ ਹੋਈ 10ਵੀਂ ਮੀਟਿੰਗ ਵਿਚ ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਲਈ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਐਕਟ, 1996 ਦੀ ਧਾਰਾ 22(b) ਵਿਚ ਦਰਜ ਉਪਬੰਧ ਅਨੁਸਾਰ ਪੇਨਸ਼ਨ ਸਕੀਮ ਬਨਾਉਣ ਸਬੰਧੀ ਸਿਧਾਤਕ ਪ੍ਰਵਾਨਗੀ ਦਿਤੀ ਗਈ ਸੀ। ਇਸ ਸਬੰਧੀ ਵੱਖ ਵੱਖ ਸੰਸਥਾਵਾਂ ਵਲੋਂ ਚਲਾਈਆਂ ਜਾਂ ਰਹੀਆਂ ਪੈਨਸ਼ਨ ਸਕੀਮਾਂ ਦੀ ਸਟੱਡੀ ਕਰਨ ਉਪਰੰਤ ਪ੍ਰਮੁੱਖ ਸਕੱਤਰ ਜੀ ਨਾਲ ਵਿਭਾਗੀ ਮੀਟਿੰਗ ਦੋਰਾਨ ਐਲ.ਆਈ.ਸੀ ਵਲੋਂ ਚਲਾਈ ਸਕੀਮ ਨੂੰ ਉਚਿਤ ਪਾਇਆ ਗਿਆ, ਜਿਸ ਉਪਰੰਤ ਐਲ.ਆਈ.ਸੀ. ਨਾਲ ਵਿਚਾਰ ਵਟਾਂਦਰਾ ਕਰਕੇ MOU ਤਿਆਰ ਕੀਤਾ ਗਿਆ ਹੈ ਜੋਕਿ ਲੀਗਲ ਐਕਸਪਰਟ ਤੋਂ ਕਾਨੂੰਨੀ ਤੋਰ ਤੇ ਵੈਟ ਕਰਵਾ ਲਿਆ ਗਿਆ ਹੈ ਜੋ ਕਿ ਸਕੱਤਰ ਬੋਰਡ ਅਤੇ ਐਲ.ਆਈ.ਸੀ ਅਧਿਕਾਰੀਆਂ ਵਲੋਂ ਹਸਤਾਖਰ ਕੀਤਾ ਜਾਣਾ ਹੈ। ਬੋਰਡ ਵਲੋਂ ਵਿਚਾਰ ਵਟਾਂਦਰੇ ਉਪਰੰਤ ਐਲ.ਆਈ.ਸੀ ਦੀ ਪੈਨਸ਼ਨ ਸਕੀਮ ਸਬੰਧੀ ਸਰਵਸੰਮਤੀ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ, ਸਕੱਤਰ ਬੋਰਡ ਨੂੰ MOU ਸਾਈਨ ਕਰਨ ਲਈ ਅਧਿਕਾਰਿਤ ਕੀਤਾ ਗਿਆ।

**ਅਜੰਡਾ ਆਈਟਮ ਨੰ: 9** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਚਲਾਈ ਜਾ ਰਹੀ ਵਜੀਫਾ ਸਕੀਮ ਅਧੀਨ ਏ.ਐਨ.ਐਮ ਅਤੇ ਜੀ.ਐਨ.ਐਮ ਨਰਸਿੰਗ ਕੋਰਸ ਨੂੰ ਸ਼ਾਮਿਲ ਕਰਨ ਲਈ ਸਕੀਮ ਵਿਚ ਸੋਧ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਉਪਰੰਤ ਬੋਰਡ ਵਲੋਂ 'ਵਜੀਫਾ ਸਕੀਮ' ਅਧੀਨ ਲੜੀ ਨੰ: 5 ਤੇ "ਆਈ.ਟੀ.ਆਈ/ਪਾਲੀਟੈਕਨਿਕ ਵਿਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ" ਤੋਂ ਅੱਗੇ ਸ਼ਬਦ 'ਏ.ਐਨ.ਐਮ ਅਤੇ ਜੀ.ਐਨ.ਐਮ ਕੋਰਸ ਜੋੜਨ ਦੀ ਪ੍ਰਵਾਨਗੀ ਦਿਤੀ ਗਈ ਤਾਂ ਜੋ ਲਾਭਪਾਤਰੀਆਂ ਦੇ ਇਹ ਕੋਰਸ ਕਰਨ ਵਾਲੇ ਬਚਿਆਂ ਨੂੰ ਵੀ 'ਵਜੀਫਾ ਸਕੀਮ' ਦਾ ਲਾਭ ਮਿਲ ਸਕੇ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:1** **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਲਈ ਨਵੀਂ 'ਇਨੋਵਾ' ਗੱਡੀ ਦੀ ਖ੍ਰੀਦ ਕਰਨ ਬਾਰੇ।**

ਇਸ ਅਜੰਡਾ ਆਈਟਮ ਤੇ ਵਿਚਾਰ ਕਰਨ ਮਗਰੋਂ ਬੋਰਡ ਵਲੋਂ ਇਕ ਇਨੋਵਾ ਸਟਾਫ ਕਾਰ (ਡੀਜਲ) ਡੀ.ਜੀ.ਐਸ.ਟੀ ਰੇਟ ਤੇ ਜਾਂ ਪੰਜਾਬ/ਚੰਡੀਗੜ੍ਹ ਵਿਚ ਸਥਿਤ ਡੀਲਰਾਂ ਤੋਂ ਰੇਟ ਮੰਗਕੇ (ਟਾਪ ਮਾਡਲ ਨੂੰ ਛੱਡਕੇ) ਜਿਸ ਦਾ ਵੀ ਰੇਟ ਘੱਟ ਹੋਵੇ, ਨਿਯਮਾਂ ਅਨੁਸਾਰ ਖ੍ਰੀਦ ਕਰਨ ਦੀ ਪ੍ਰਵਾਨਗੀ ਦਿਤੀ ਗਈ। ਇਸ ਦੇ ਨਾਲ ਹੀ ਇਸ ਗੱਡੀ ਲਈ ਇਕ ਡਰਾਇਵਰ ਦੀ ਅਸਾਮੀ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੰਦੇ ਹੋਏ, ਡਰਾਈਵਰ ਦੀ ਅਸਾਮੀ "ਪੈਸਕੋ" ਰਾਹੀਂ ਠੇਕੇ ਤੇ ਭਰਨ ਦੀ ਪ੍ਰਵਾਨਗੀ ਅਤੇ ਗੱਡੀ ਦੀ ਖਰੀਦ ਲਈ ਲੋੜੀਂਦੇ ਬਜਟ ਦੀ ਪ੍ਰਵਾਨਗੀ ਦਿੱਤੀ ਗਈ।

**ਸਪਲੀਮੈਂਟਰੀ ਅਜੰਡਾ ਆਈਟਮ ਨੰ:2** **ਸਿਹਤ ਅਤੇ ਪ੍ਰੀਵਾਰ ਭਲਾਈ ਵਿਭਾਗ ਪੰਜਾਬ ਵਲੋਂ ਚਲਾਈ ਜਾਣ ਵਾਲੀ "ਪੰਜਾਬ ਸਰਵ ਸਿਹਤ ਬੀਮਾ ਯੋਜਨਾ" ਨੂੰ ਅਪਨਾਉਣ ਬਾਰੇ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਦੀ ਮਿਤੀ 3.9.2013 ਨੂੰ ਹੋਈ 10ਵੀਂ ਮੀਟਿੰਗ ਵਿਚ ਸਹਿਕਾਰਤਾ ਵਿਭਾਗ ਪੰਜਾਬ ਦੁਆਰਾ ਚਲਾਈ ਜਾ ਰਹੀ "ਭਾਈ ਘਨੱਈਆ ਸਿਹਤ ਬੀਮਾ ਸਕੀਮ" ਬੋਰਡ ਦੇ ਲਾਭਪਾਤਰੀਆਂ ਵਾਸਤੇ ਅਪਨਾਉਂਣ ਅਤੇ ਇਸ ਨੂੰ ਸਹਿਕਾਰਤਾ ਵਿਭਾਗ ਨਾਲ integrate ਕਰਨ ਦੀ ਪ੍ਰਵਾਨਗੀ ਦਿਤੀ ਗਈ ਸੀ। ਇਸ ਫੈਸਲੇ ਦੇ ਸਨਮੁੱਖ ਸਹਿਕਾਰਤਾ ਵਿਭਾਗ ਦੀ ਸਹਿਮਤੀ ਲਈ ਤਿੰਨ ਪੱਤਰ (ਮਾਨਯੋਗ ਚੇਅਰਮੈਨ ਬੋਰਡ, ਪ੍ਰਮੁੱਖ ਸਕੱਤਰ ਕਿਰਤ ਅਤੇ ਸਕੱਤਰ ਬੋਰਡ ਜੀ ਦੀ ਪੱਧਰ ਤੇ) ਲਿਖੇ ਗਏ ਸਨ। ਪਰੰਤੂ ਉਨ੍ਹਾਂ ਵਲੋਂ ਇਸ ਬਾਰੇ ਅਸਮਰਥਾ ਪ੍ਰਗਟ ਕੀਤੀ ਗਈ ਹੈ।

ਮੈਂਬਰ ਸਕੱਤਰ ਵਲੋਂ ਬੋਰਡ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਹੁਣ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਉਨ੍ਹਾਂ ਦੇ ਅ.ਸ.ਪੱਤਰ ਨੰਬਰ 1045-47 ਮਿਤੀ 28.11.13 ਰਾਹੀਂ **"ਪੰਜਾਬ ਸਰਵ ਸਿਹਤ ਬੀਮਾ ਯੋਜਨਾ"** ਦੀ ਕਾਪੀ ਲਗਾਕੇ ਭੇਜੀ ਗਈ ਹੈ। ਇਹ ਸਕੀਮ ਸਾਰੇ ਪੰਜਾਬ ਵਿਚ ਹਰੇਕ ਵਿਅਕਤੀ ਲਈ ਹੋਵੇਗੀ ਅਤੇ ਫੈਮਲੀ ਫਲੋਟਰ ਦੇ ਆਧਾਰ ਤੇ ਹਰੇਕ ਪ੍ਰੀਵਾਰ ਲਈ 1,50,000/- ਰੁਪਏ ਦੇ ਹਰੇਕ ਤਰ੍ਹਾਂ ਦੇ ਇਲਾਜ ਲਈ (ਸਿਵਾਏ ਉਹ ਜਿਹੜੇ ਇਸ ਵਿਚ ਸ਼ਾਮਲ ਨਹੀਂ ਹੋਣਗੇ) ਇਨਡੋਰ ਇਲਾਜ ਲਈ ਹੋਵੇਗੀ ਅਤੇ ਕੁਝ ਖਾਸ ਬਿਮਾਰੀਆਂ ਲਈ ਆਊਟ ਡੋਰ ਇਲਾਜ ਲਈ ਵੀ ਹੋਵੇਗੀ। ਪ੍ਰੀਵਾਰ ਦੇ ਜੋ ਵੀ ਮੈਂਬਰ ਫੈਮਲੀ ਯੂਨਿਟ ਤੇ ਨਿਰਭਰ ਹੋਣਗੇ, ਉਹ ਸਾਰੇ ਇਸ ਸਕੀਮ ਦਾ ਲਾਭ ਉਠਾ ਸਕਣਗੇ।ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਇੰਸੋਰੈਂਸ ਕੰਪਨੀਆਂ ਪਾਸੋਂ ਟੈਂਡਰ ਮੰਗਕੇ ਉਨ੍ਹਾਂ ਰਾਹੀਂ

ਸਕੀਮ ਲਾਗੂ ਕਰਵਾਈ ਜਾਣੀ ਹੈ। ਉਨ੍ਹਾਂ ਵਲੋਂ ਦੱਸਿਆ ਗਿਆ ਹੈ ਕਿ ਇਹ ਸਕੀਮ ਗਰੁਪ ਇੰਸੋਰੈਂਸ ਸਕੀਮ ਹੋਵੇਗੀ ਅਤੇ ਪੰਜਾਬ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਲਾਭਪਾਤਰੀਆਂ ਨੂੰ ਬੇਸ ਗਰੁਪ ਮੰਨਕੇ ਇਹ ਸਕੀਮ launch ਕੀਤੀ ਜਾਵੇਗੀ ਅਤੇ ਹੁਣ **ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਬੋਰਡ ਪਾਸੋਂ ਲਾਭਪਾਤਰੀਆਂ ਦੇ ਡਾਟੇ ਦੀ ਮੰਗ ਕੀਤੀ ਗਈ ਹੈ।** ਬੋਰਡ ਦੇ ਲਾਭਪਾਤਰੀਆਂ ਵਲੋਂ ਸਕੀਮ ਅਪਨਾਉਣ ਤੇ ਬਣਦਾ ਪ੍ਰੀਮੀਅਮ ਬੋਰਡ ਵਲੋਂ ਭਰਿਆ ਜਾਵੇਗਾ।

ਬੋਰਡ ਵਲੋਂ ਇਸ ਅਜੰਡਾ ਆਈਟਮ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਸਰਵਸੰਮਤੀ ਨਾਲ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਵਲੋਂ ਚਲਾਈ ਜਾਣ ਵਾਲੀ "ਪੰਜਾਬ ਸਰਵ ਸਿਹਤ ਬੀਮਾ ਯੋਜਨਾ" ਨੂੰ ਬੋਰਡ ਦੇ ਲਾਭਪਾਤਰੀਆਂ ਤੇ ਲਾਗੂ ਕਰਨ ਅਤੇ ਇਸ ਦਾ ਪ੍ਰੀਮੀਅਮ ਬੋਰਡ ਵਲੋਂ ਅਦਾ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿਤੀ ਗਈ ਕਿ ਇਸ ਸਕੀਮ ਤਹਿਤ ਬੀਮੇ ਦਾ ਪ੍ਰੀਮੀਅਮ ਸਹਿਕਾਰਤਾ ਵਿਭਾਗ ਵਿਚ 'ਭਾਈ ਘਨੱਈਆ ਟ੍ਰਸੱਟ' ਵਲੋਂ ਚਲਾਈ ਜਾ ਰਹੀ ਸਿਹਤ ਬੀਮਾ ਸਕੀਮ ਅਧੀਨ ਦਿਤੇ ਜਾਂਦੇ ਪ੍ਰੀਮੀਅਮ ਦੇ ਆਸ-ਪਾਸ ਹੋਵੇ; ਭਾਵ ਦੋਨੋ ਸਕੀਮਾਂ ਦੇ ਪ੍ਰੀਮੀਅਮ ਦਾ ਅੰਤਰ 10% ਤੋਂ ਵੱਧ ਨਹੀਂ ਹੋਣਾ ਚਾਹੀਦਾ।

ਮਾਨਯੋਗ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਹੇਠ ਲਿਖੇ ਹੋਰ ਮੁੱਦੇ ਮੀਟਿੰਗ ਵਿਚ ਵਿਚਾਰੇ ਗਏ:-

1) **ਬੋਰਡ ਦੇ ਪ੍ਰਜੈਕਟ ਮੈਨੇਜਮੈਂਟ ਯੂਨਿਟ ਵਿਚ ਪ੍ਰਜੈਕਟ ਡਾਇਰੈਕਟਰ ਦੀ ਅਸਾਮੀ ਭਰਨ ਬਾਰੇ।**

ਮੈਂਬਰ ਸਕੱਤਰ ਵਲੋਂ ਦੱਸਿਆ ਗਿਆ ਕਿ ਬੋਰਡ ਵਿਚ 'ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ ਚਲਾਉਂਣ ਲਈ ਪ੍ਰਾਜੈਕਟ ਮੈਨੇਜਮੈਂਟ ਯੂਨਿਟ ਦੀ ਸਥਾਪਨਾ ਕੀਤੀ ਹੋਈ ਹੈ, ਜਿਸ ਵਿਚ ਪ੍ਰਾਜੈਕਟ ਡਾਇਰੈਕਟਰ ਦੀ ਅਸਾਮੀ ਖਾਲੀ ਹੋਣ ਕਾਰਣ ਇਸ ਪ੍ਰਾਜੈਕਟ ਨੂੰ ਨੇਪਰੇ ਚੜ੍ਹਾਉਂਣ ਵਿਚ ਮੁਸ਼ਕਲਾਂ ਆ ਰਹੀਆਂ ਹਨ। ਮੈਂਬਰ ਸਕੱਤਰ ਵਲੋਂ ਅੱਗੇ ਦੱਸਿਆ ਗਿਆ ਕਿ ਬੋਰਡ ਵਿਚ 'ਪ੍ਰਜੈਕਟ ਡਾਇਰੈਕਟਰ' ਦੀ ਅਸਾਮੀ ਲਈ ਸ੍ਰੀ ਬੀਰਇੰਦਰਜੀਤ ਸਿੰਘ ਜੋਕਿ ਪੰਜਾਬ ਪਰਦੂਸ਼ਣ ਕੰਟ੍ਰੋਲ ਬੋਰਡ ਵਿਚੋਂ ਮਿਤੀ 31.9.2012 ਨੂੰ ਬਤੌਰ ਚੀਫ ਐਨਵਾਇਰਮੈਟਲ ਇੰਜਨੀਅਰ ਰਿਟਾਇਰ ਹੋਏ ਸਨ, ਤੋਂ ਅਰਜੀ ਪ੍ਰਾਪਤ ਹੋਈ ਹੈ। ਬਿਨੈਕਾਰ ਦੀ ਅਰਜੀ ਅਨੁਸਾਰ ਉਨ੍ਹਾਂ ਦੀ ਵਿਦਿਅਕ ਯੋਗਤਾ BE Honours in Civil Engineering & Master Engineering in Civil Structure and Master Engineering in Environmental Science (Gold Medalist) ਹੈ। ਇਸ ਲਈ ਇਨ੍ਹਾਂ ਦੀ ਪ੍ਰਤੀਬੇਨਤੀ ਤੇ ਬੋਰਡ ਵੱਲੋਂ ਵਿਚਾਰ ਕਰਨ ਉਪਰੰਤ ਉਚਿਤ ਫੈਸਲਾ ਲਿਆ ਜਾਵੇ।

ਬੋਰਡ ਵਲੋਂ ਇਸ ਮੁੱਦੇ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸ੍ਰੀ ਬੀਰਇੰਦਰਜੀਤ ਸਿੰਘ ਦੀਆਂ ਵਿਦਿਅਕ ਯੋਗਤਾਵਾਂ ਅਤੇ ਤਜਰਬੇ ਨੂੰ ਮੁਖ ਰੱਖਦੇ ਹੋਏ ਬੋਰਡ ਵਿਚ ਬਤੌਰ ਪ੍ਰਜੈਕਟ ਡਾਇਰੈਕਟਰ ਕਮ ਟੈਕਨੀਕਲ ਐਡਵਾਇਜਰ ਨੂੰ ਪੰਜਾਬ ਸਰਕਾਰ ਦੀ ਪਾਲੀਸੀ ਅਨੁਸਾਰ ਉਨ੍ਹਾਂ ਦੀ Last drawn salary minus pension ਦੇ ਫਾਰਮੂਲੇ ਮੁਤਾਬਕ ਨਿਯੁਕਤ ਕਰਨ ਦੀ ਪ੍ਰਵਾਨਗੀ ਦਿਤੀ ਗਈ।

ਇਸ ਮੋਕੇ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਬੋਰਡ ਦੀ 'ਸਕਿਲ ਅਪਗ੍ਰੇਡੇਸ਼ਨ ਅਤੇ ਵੋਕੇਸ਼ਨਲ ਐਜੂਕੇਸ਼ਨ ਸਕੀਮ' ਦੇ ਪ੍ਰਜੈਕਟ ਦਾ ਖੇਤਰ ਕਾਫੀ ਵਿਸਤ੍ਰਿਤ ਹੈ ਅਤੇ ਇਕੱਲੇ ਪ੍ਰਜੈਕਟ ਡਾਇਰੈਕਟਰ ਨੂੰ ਪ੍ਰਜੈਕਟ ਚਲਾਉਣ ਵਿਚ ਕਈ ਪ੍ਰਕਾਰ ਦੀਆਂ ਦਿਕਤਾਂ ਆ ਸਕਦੀਆਂ ਹਨ, ਇਸ ਲਈ ਬੋਰਡ ਵਿਚ ਪ੍ਰਜੈਕਟ ਡਾਇਰੈਕਟਰ ਕਮ ਟੈਕਨੀਕਲ ਐਡਵਾਈਜਰ ਦੀ ਸਹਾਇਤਾ ਲਈ ਇਕ ਅਸਿਸਟੈਂਟ ਪ੍ਰਜੈਕਟ ਡਾਇਰੈਕਟਰ ਦੀ ਅਸਾਮੀ ਦੀ ਰਚਨਾ ਕਰਨੀ ਵੀ ਜਰੂਰੀ ਹੋਵੇਗੀ ਅਤੇ ਇਸ ਅਸਾਮੀ ਤੇ ਭਰਤੀ ਲਈ ਵਿਅਕਤੀ ਦੀ ਯੋਗਤਾ/ਤਜਰਬੇ ਅਤੇ ਤਨਖਾਹ ਆਦਿ ਬਾਰੇ ਫੈਸਲਾ ਪ੍ਰਜੈਕਟ ਡਾਇਰੈਕਟਰ ਕਮ ਟੈਕਨੀਕਲ ਐਡਵਾਈਜਰ ਦੇ ਜੁਆਇੰਨ ਕਰਨ ਉਪਰੰਤ ਸਕੱਤਰ ਬੋਰਡ ਵੱਲੋਂ ਲਿਆ ਜਾਵੇਗਾ। ਬੋਰਡ ਵਲੋਂ ਪ੍ਰਮੁੱਖ ਸਕੱਤਰ ਕਿਰਤ ਦੇ ਸੁਝਾਅ ਨਾਲ ਸਹਿਮਤੀ ਪ੍ਰਗਟ ਕੀਤੀ ਗਈ।

2) **ਉਸਾਰੀ ਕਿਰਤੀਆਂ ਲਈ ਰਿਹਾਇਸ਼ੀ ਮਕਾਨ ਬਨਾਉਣ ਸਬੰਧੀ ਸਕੀਮ।**

ਬੋਰਡ ਦੀ ਮੀਟਿੰਗ ਦੌਰਾਨ ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਵਲੋਂ ਸੁਝਾਅ ਦਿਤਾ ਗਿਆ ਕਿ ਉਸਾਰੀ ਕਿਰਤੀਆਂ ਦੇ ਰਹਿਣ ਲਈ ਅਕਸਰ ਯੋਗ ਰਿਹਾਇਸ਼ ਦਾ ਪ੍ਰਬੰਧ ਨਹੀਂ ਹੁੰਦਾ ਅਤੇ ਅਪਣੀ ਜਿੰਦਗੀ ਦਾ ਬਹੁਤ ਸਾਰਾ ਹਿੱਸਾ ਝੁਗੀਆਂ ਜਾਂ ਅਜਿਹੇ ਮਕਾਨਾ ਵਿੱਚ ਰਹਿਕੇ ਗੁਜਾਰ ਦਿੰਦੇ ਹਨ ਜੋਕਿ technically unsafe ਹੁੰਦੇ ਹਨ ਅਤੇ ਹੋਰ ਸਿਵਲ ਸਹੂਲਤਾਂ ਜਿਵੇਂ ਕਿ ਬਿਜਲੀ, ਪਾਣੀ, ਟਾਈਲਟ ਅਤੇ ਵੈਂਨਟੀਲੇਸ਼ਨ ਆਦਿ ਤੋਂ ਵੀ ਵਾਂਝੇ ਰਹਿ ਜਾਂਦਾ ਹਨ। ਉਨ੍ਹਾਂ ਦਾ ਸੁਝਾ ਸੀ ਕਿ ਪੰਜਾਬ ਸਰਕਾਰ ਦੇ ਹਾਊਸਿੰਗ ਵਿਭਾਗ ਨਾਲ ਤਾਲ-ਮੇਲ ਕਰਕੇ ਇਕ ਸਕੀਮ ਤਿਆਰ ਕੀਤੀ ਜਾਵੇ ਜਿਸ ਸਬੰਧੀ ਜਗ੍ਹਾ ਉਸ ਵਿਭਾਗ ਵਲੋਂ ਮੁਹੱਈਆ ਕਰਵਾਈ ਜਾਵੇ ਅਤੇ ਅਜਿਹੀ ਜਗ੍ਹਾ ਤੇ ਮਕਾਨ ਉਸਾਰੀ ਕਰਨ ਦੀ ਸਾਰੀ ਜਿੰਮੇਵਾਰੀ/ ਖਰਚਾ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਕੀਤਾ ਜਾਵੇ। ਉਸਾਰੀ ਉਪਰੰਤ ਇਹ ਮਕਾਨ ਲਾਭਪਾਤਰੀ ਉਸਾਰੀ ਕਿਰਤੀਆਂ ਨੂੰ ਲੀਜ਼ ਜਾਂ ਰੈਂਟ ਦੇ ਆਧਾਰ ਤੇ ਅਲਾਟ ਕੀਤੇ ਜਾਣ ਅਤੇ ਕਿਰਤੀਆਂ ਨੂੰ ਅਜਿਹੇ ਮਕਾਨਾਂ ਦੀ ਮਲਕੀਅਤ (ownership) ਉਨ੍ਹਾਂ ਵਲੋਂ ਉਸਾਰੀ ਲਾਗਤ ਦੀ ਸਾਰੀ ਰਕਮ ਅਦਾ ਕਰਨ ਤੇ ਹੀ ਦਿਤੀ ਜਾਵੇਗੀ ਜਾਂ ਫਿਰ ਜੇਕਰ ਉਸਨੇ ਇਹ ਮਕਾਨ ਬੈਂਕ ਵਲੋਂ finance ਕਰਵਾਇਆ ਹੈ ਤਾਂ ਇਹ finance ਸਬੰਧੀ ਆਖਰੀ E.M.I ਦੀ ਅਦਾਇਗੀ ਕਰਨ ਉਪਰੰਤ ਹੀ ਉਸਾਰੀ ਕਿਰਤੀ ਨੂੰ ਇਸ ਦੀ ਮਲਕੀਅਤ (ownership) ਦਿਤੀ ਜਾਵੇ। ਇਸ ਸਕੀਮ ਦੀ ਬੋਰਡ ਵਲੋਂ ਸਿਧਾਤਕ ਪ੍ਰਵਾਨਗੀ ਦਿੰਦੇ ਹੋਏ ਕਿਹਾ ਗਿਆ ਕਿ ਕੇਂਦਰ ਸਰਕਾਰ ਵਲੋਂ ਹਾਉਸਿੰਗ ਸਬੰਧੀ ਜੋ ਇੰਦਰਾ ਆਵਾਸ ਯੋਜਨਾ ਚਲਾਈ ਜਾ ਰਹੀ ਹੈ, ਉਸ ਨੂੰ ਵੀ ਵਿਚਾਰ ਲਿਆ ਜਾਵੇ।

ਮੀਟਿੰਗ ਮਾਨਯੋਗ ਚੇਅਰਮੈਨ ਬੋਰਡ ਜੀ ਅਤੇ ਮੈਂਬਰ ਸਾਹਿਬਾਨ ਦੇ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।